# 8
# ਨਵਾਂ ਨੇਮ-ਨਵੀਂ ਸ਼ਰ੍ਹਾ
## (ਰੋਮੀਆਂ 7:4-6)

ਪੁਰਾਣੇ ਨੇਮ ਦੀ ਸ਼ਰ੍ਹਾ ਵਿਚ ਰਹਿਣ ਵਾਲੇ ਲੋਕ ਨੇਮ ਦੀ ਸੰਤਾਨ ਬਣਦੇ ਸਨ ਕਿਉਂਕਿ ਉਨ੍ਹਾਂ ਦੀ ਪੈਦਾਇਸ਼ ਉਸੇ ਸ਼ਰ੍ਹਾ ਦੇ ਅਧੀਨ ਹੁੰਦੀ ਸੀ। ਨੇਮ ਉਨ੍ਹਾਂ ਦੇ ਅਤੇ ਖ਼ੁਦਾ ਦੇ ਦਰਮਿਆਨ ਸੀ। ਜੇ ਉਹ ਨੇਮ ਦੀਆਂ ਸ਼ਰਤਾਂ ਨੂੰ ਪੂਰਾ ਕਰਦੇ ਤਾਂ ਉਨ੍ਹਾਂ ਨੇ ਦੇਸ਼ ਵਿਚ ਲੰਮੀ ਉਮਰ ਭੋਗ ਕੇ ਖੁਸ਼ਹਾਲ ਰਹਿਣਾ ਸੀ। ਜੇ ਉਹ ਹੁਕਮ ਨਾ ਮੰਨਦੇ ਹਾਂ ਉਨ੍ਹਾਂ ਨੂੰ ਸਜ਼ਾ ਦੇਣ ਅਤੇ ਦੇਸ਼ 'ਚੋਂ ਕੱਢੇ ਜਾਣ ਦੇ ਨਤੀਜੇ ਭੁਗਤਣੇ ਪੈਣੇ ਸਨ।

ਨਵਾਂ ਨੇਮ ਜਿਸ ਨੂੰ ਸ਼ਰ੍ਹਾ ਵਿਚ ਜ਼ਰੂਰੀ ਦੱਸਿਆ ਗਿਆ, ਪੂਰੀ ਤਰ੍ਹਾਂ ਨਵਾਂ ਅਤੇ ਫ਼ਰਕ ਪ੍ਰਬੰਧ ਸੀ। ਸਾਨੂੰ ਨਵੇਂ ਨੇਮ ਦੀ ਸੰਤਾਨ ਬਣਨ ਲਈ ਨਵੇਂ ਸਿਰਿਓਂ ਪੈਦਾ ਹੋਣਾ ਜ਼ਰੂਰੀ ਹੈ (ਯੂਹੰਨਾ 3:3-5)। ਨਵੇਂ ਨੇਮ ਦੇ ਅਧੀਨ ਵਾਅਦਾ ਕੀਤੀ ਹੋਈ ਅਬਦੀ ਭਾਵ ਸੁਰਗੀ ਬਰਕਤ ਪਾਉਣ ਤੋਂ ਪਹਿਲਾਂ (1 ਪਤਰਸ 1:3, 4) ਨਵਾਂ ਜਨਮ ਲੈਣਾ ਜ਼ਰੂਰੀ ਹੈ। ਨਵਾਂ ਨੇਮ ਸਾਨੂੰ ਇਕ ਦੋਸਤ ਵੀ ਮੁਹੱਈਆ ਕਰਵਾਉਂਦਾ ਹੈ ਜਿਸਦੀ ਸੇਵਾ ਅਸੀਂ ਪਿਆਰ ਅਤੇ ਖ਼ੁਦਾਈ ਖ਼ੌਫ਼ ਨਾਲ ਆਪਣੀ ਇੱਛਾ ਨਾਲ ਕਰਕੇ ਉਹਦੇ ਮਗਰ ਚੱਲ ਸਕਦੇ ਹਾਂ। ਨਵੇਂ ਨੇਮ ਵਿਚ ਅਸੀਂ ਦਿਲੋਂ ਸੇਵਾ ਕਰ ਸਕਦੇ ਹਾਂ। ਅਸੀਂ ਯਿਸੂ ਲਈ ਜੀਣਾ *ਚਾਹੁੰਦੇ* ਹਾਂ ਜੋ ਸਾਡਾ ਮੁਕਤੀਦਾਤਾ ਹੈ।

ਅਕਾਸ਼ ਅਤੇ ਧਰਤੀ ਨੂੰ ਰਚਣ ਤੋਂ ਪਹਿਲਾਂ, ਖ਼ੁਦਾ ਨੇ ਸੋਚ ਲਿਆ ਸੀ ਕਿ ਮਨੁੱਖ ਜਾਤੀ ਨੂੰ ਸ਼ਰ੍ਹਾ ਦੇ ਰਾਹੀਂ ਨਹੀ, ਬਲਕਿ ਯਿਸੂ ਦੇ ਰਾਹੀਂ ਬਚਾਵੇਗਾ (ਰਸੂਲਾਂ ਦੇ ਕੰਮ 2:23; 1 ਪਤਰਸ 1:18-20)। ਸ਼ਰ੍ਹਾ ਤੋਂ ਉਹ *ਬਰਕਤ* ਨਹੀਂ ਮਿਲੀ, ਜਿਸਦਾ ਖ਼ੁਦਾ ਨੇ ਅਬਰਾਹਾਮ ਦੀ ਸੰਤਾਨ ਨਾਲ ਵਾਅਦਾ ਕੀਤਾ ਸੀ (ਉਤਪਤ 22:18; ਗਲਾਤੀਆਂ 3:16)। ਬਲਕਿ ਇਸ ਨੂੰ ਮੰਨਣ ਵਾਲੇ ਉਹਦੇ ਸਰਾਪ ਦੇ ਹੇਠ ਆ ਗਏ। ਸ਼ਰ੍ਹਾ ਵਿਚ ਕਿਹਾ ਗਿਆ ਸੀ ਕਿ ਜੋ ਕੋਈ ਇਸ ਦਾ ਹੁਕਮ ਪੂਰਾ ਨਹੀਂ ਕਰਦਾ (ਯਾਕੂਬ 2:10) ਉਹ ਸਰਾਪ ਹੇਠ ਹੈ (ਗਲਾਤੀਆਂ 3:10) ਅਤੇ (ਯਿਸੂ ਨੂੰ ਛੱਡ) ਕਿਸੇ ਹੋਰ ਨੇ ਇਸ ਨੂੰ ਪੂਰਾ ਨਹੀਂ ਕੀਤਾ।

ਇਹਦਾ ਮਤਲਬ ਇਹ ਨਹੀਂ ਹੈ ਕਿ ਸ਼ਰ੍ਹਾ ਦੇ ਕਾਰਣ ਅਬਰਾਹਾਮ ਨਾਲ ਕੀਤਾ ਗਿਆ ਵਾਅਦਾ ਉਹਦੀ ਅੰਸ ਭਾਵ ਯਿਸੂ ਦੇ ਰਾਹੀਂ ਦੁਨੀਆਂ ਦੀਆਂ ਸਭ ਕੌਮਾਂ ਲਈ ਖ਼ੁਦਾ ਦਾ ਨੇਮ ਰੱਦ ਹੋ ਗਿਆ ਹੋਵੇ। ਪੌਲੁਸ ਨੇ ਸਮਝਾਇਆ, ''... ਸ਼ਰ੍ਹਾ ਜਿਹੜੀ ਉਸ ਤੋਂ ਚਾਰ ਸੌ ਤੀਹਾਂ ਵਰਿਹਾਂ ਦੇ ਪਿੱਛੋਂ ਆਈ ਉਸ ਨੂੰ ਅਕਾਰਥ ਨਹੀਂ ਕਰਦੀ ਭਈ ਉਹ ਵਚਨ ਅਵਿਰਥਾ ਹੋ ਜਾਵੇ'' (ਗਲਾਤੀਆਂ 3:17)। ਸ਼ਰ੍ਹਾ ਤੋਂ ਬਰਕਤ ਨਹੀਂ ਆ ਸਕੀ ਕਿਉਂਕਿ ਇਸ ਨਾਲ ਸਭ ਸਰਾਪ ਦੇ ਹੇਠਾਂ ਆ ਗਏ। ਇਹ ਸਰਾਪ ਸ਼ਰ੍ਹਾ ਨਾਲ ਨਹੀਂ ਹਟਾਇਆ ਜਾ ਸਕਦਾ ਸੀ ਬਲਕਿ

ਇਸ ਨੂੰ ਮਸੀਹ ਦੇ ਰਾਹੀਂ ਹਟਾਇਆ ਜਾਣਾ ਸੀ। ਮਸੀਹ ਨੇ ਆਣ ਕੇ ''ਸਾਨੂੰ ਮੁੱਲ ਲੈ ਕੇ ਸ਼ਰ੍ਹਾ ਦੇ ਸਰਾਪ ਤੋਂ ਛੁਡਾਇਆ ਇਸ ਕਰਕੇ ਜੋ ਉਹ ਸਾਡੇ ਲਈ ਸਰਾਪ ਬਣਿਆ ਕਿਉਂ ਜੋ ਲਿਖਿਆ ਹੋਇਆ ਹੈ ਭਈ ਸਰਾਪੀ ਹੈ ਹਰੇਕ ਜਿਹੜਾ ਰੁੱਖ ਉੱਤੇ ਟੰਗਿਆ ਹੋਇਆ ਹੈ'' (ਗਲਾਤੀਆਂ 3:13)। ਗਲਾਤੀਆਂ 2:21 ਵਿਚ ਅਸੀਂ ਪੜ੍ਹਦੇ ਹਾਂ, ''ਮੈਂ ਪਰਮੇਸ਼ੁਰ ਦੀ ਕਿਰਪਾ ਨੂੰ ਅਕਾਰਥ ਨਹੀਂ ਕਰਦਾ ਕਿਉਂਕਿ ਜੇ ਸ਼ਰ੍ਹਾ ਦੇ ਰਾਹੀਂ ਧਰਮ ਪ੍ਰਾਪਤ ਹੁੰਦਾ ਤਾਂ ਮਸੀਹ ਐਵੇਂ ਹੀ ਮੋਇਆ।''

## ਮਸੀਹ ਦੀ ਸ਼ਰ੍ਹਾ

ਪੁਰਾਣੇ ਅਤੇ ਨਵੇਂ ਨੇਮ ਦੇ ਹੋਣ ਜਾਂ ਨਾ ਹੋਣ ਵਿਚ ਵਿਚ ਨਹੀਂ ਬਲਕਿ ਫ਼ਰਕ ਇਨ੍ਹਾਂ ਸ਼ਰ੍ਹਾਵਾਂ ਦੇ ਸੁਭਾਅ ਵਿਚ ਹੈ। ਪਹਿਲਾ ਨੇਮ ਉਨ੍ਹਾਂ ਲੋਕਾਂ ਦੇ ਮੰਨਣ ਲਈ ਨੇਮਾਂ ਦਾ ਇਕ ਪ੍ਰਬੰਧ ਸੀ ਜਿਨ੍ਹਾਂ ਦੇ ਦਿਲ ਬਦਲੇ ਨਹੀਂ ਸਨ। ਨਵਾਂ ਨੇਮ ਲੋਕਾਂ ਦੇ ਜਿਸਮਾਨੀ ਪਹਿਲੂ ਤੇ ਕੰਟਰੋਲ ਕਰਨ ਵਾਲੇ, ਲਿਖਤ ਨੇਮ ਨਾਲੋਂ ਵੱਧ ਹੈ। ਹੁਣ ਸਾਨੂੰ ਇਕ ਅਜਿਹਾ ਨੇਮ ਮਿਲਿਆ ਹੈ ਜੋ ਸਾਡੀਆਂ ਜ਼ਿੰਦਗੀਆਂ ਨੂੰ ਬਦਲਣ ਲਈ ਸਾਡੇ ਦਿਲਾਂ ਤੇ ਲਿਖਿਆ ਗਿਆ ਹੈ। ਮਸੀਹੀ ਬਣਨ ਨਾਲ ਸਾਨੂੰ ਨਵੀਂ ਜ਼ਿੰਦਗੀ ਮਿਲੀ ਹੈ ਕਿਉਂਕਿ ਸਾਡਾ ਆਦਰਸ਼ ਮਸੀਹ, ਸਾਡੇ ਦਿਲਾਂ 'ਤੇ ਰਾਜ ਕਰਦਾ ਹੈ।

ਯਿਸੂ ਮਸੀਹ ਦੀ ਇਕ ਸ਼ਰ੍ਹਾ ਹੈ। ਪੌਲੁਸ ਨੇ ''ਮਸੀਹ ਦੀ ਸ਼ਰ੍ਹਾ'' ਨੂੰ ਪੂਰਾ ਕਰਨ ਬਾਰੇ ਲਿਖਿਆ (ਗਲਾਤੀਆਂ 6:2)। ਪੌਲੁਸ ਨੇ ਆਪਣੇ ਬਾਰੇ ਲਿਖਿਆ ਕਿ ''ਮੈਂ ਜੋ ਪਰਮੇਸ਼ੁਰ ਦੇ ਭਾਣੇ ਸ਼ਰ੍ਹਾ ਹੀਣ ਨਹੀਂ ਹਾਂ ਸਗੋਂ ਮਸੀਹ ਦੇ ਭਾਣੇ ਸ਼ਰ੍ਹਾ ਅਧੀਨ ਹਾਂ ...'' (1 ਕੁਰਿੰਥੀਆਂ 9:21)।

''ਮਸੀਹ ਦੀ ਸ਼ਰ੍ਹਾ'' ਖ਼ੁਦਾ ਨੂੰ ਪਸੰਦ ਆਉਣ ਵਾਲੇ ਕੰਮ ਤੇ ਅਧਾਰਿਤ ਵਿਖਾਵੇ ਦੀ ਸ਼ਰ੍ਹਾ ਨਹੀਂ ਹੈ। ਬਲਕਿ ਇਹ ਸ਼ਰ੍ਹਾ ਮਸੀਹ ਦੇ ਕੰਮਾਂ ਵਿਚ ਵਿਸ਼ਵਾਸ 'ਤੇ ਅਧਾਰਿਤ ਹੈ; ਅਜਿਹਾ ਵਿਸ਼ਵਾਸ ਜੋ ਸਾਨੂੰ ਉਹਦੇ ਵਚਨ ਵਿਚ ਦੱਸੀ ਉਹਦੀ ਇੱਛਾ ਪੂਰੀ ਕਰਨ ਲਈ ਪ੍ਰੇਰਦਾ ਹੈ। ਸਾਨੂੰ ਸਮਝ ਲੈਣਾ ਚਾਹੀਦਾ ਹੈ ਕਿ ਸਾਨੂੰ ਉਸ ਦੇ ਰਾਹੀਂ ਬਚਾਇਆ ਜਾਂਦਾ ਹੈ ਨਾ ਕਿ ਅਸੀਂ ਆਪਣੇ ਸ਼ੁੱਭ ਕਰਮਾਂ ਨਾਲ ਬਚਦੇ ਹਾਂ। ਮਸੀਹ ਦੀ ਸ਼ਰ੍ਹਾ ਕਰਮਾਂ ਦੀ ਨਹੀਂ, ਬਲਕਿ ਵਿਸ਼ਵਾਸ ਦੀ ਸ਼ਰ੍ਹਾ ਹੈ। ''ਸੋ ਹੁਣ ਘੁਮੰਡ ਕਿੱਥੇ? ਉਹ ਤਾਂ ਰਹਿ ਗਿਆ। ਕਿਹੋ ਜਿਹੀ ਬਿਧੀ ਨਾਲ? ਭਲਾ, ਕਰਮਾਂ ਦੀ? ਨਹੀਂ! ਸਗੋਂ ਨਿਹਚਾ ਦੀ ਬਿਧੀ ਨਾਲ। ਇਸ ਲਈ ਅਸੀਂ ਇਹ ਵਿਚਾਰਦੇ ਹਾਂ ਭਈ ਮਨੁੱਖ ਸ਼ਰ੍ਹਾ ਦੇ ਕਰਮਾਂ ਦੇ ਬਾਝੋਂ ਨਿਹਚਾ ਹੀ ਨਾਲ ਧਰਮੀ ਠਹਿਰਾਇਆ ਜਾਂਦਾ ਹੈ'' (ਰੋਮੀਆਂ 3:27, 28)।

ਹੁਗ ਜੇ. ਸ਼ੋਨਫ਼ੀਲਡ ਨੇ ਇਸ ਆਇਤ ਦਾ ਠੀਕ ਹੀ ਅਨੁਵਾਦ ਕੀਤਾ ਹੈ ਜਿਸਦਾ ਪੰਜਾਬੀ ਰੂਪ ਇਵੇਂ ਹੈ, ''ਅਸੀਂ ਸ਼ਰ੍ਹਾ ਨੂੰ ਬੇਕਾਰ ਠਹਿਰਾਉਣ ਲਈ ਵਿਸ਼ਵਾਸ ਦੀ ਵਰਤੋਂ ਕਰ ਰਹੇ ਹਾਂ? ਖ਼ੁਦਾ ਨਾ ਕਰਾਏ! ਬਲਕਿ ਅਸੀਂ ਤਾਂ ਸ਼ਰ੍ਹਾ ਨੂੰ ਮਜ਼ਬੂਤ ਕਰ ਰਹੇ ਹਾਂ।''[1] ਸਾਫ਼ ਕਰਨ ਲਈ ਉਹਨੇ ਇਹ ਟਿੱਪਣੀ ''ਨਿਹਚਾ ਦੀ ਸ਼ਰ੍ਹਾ ਨੂੰ ਸਮਝਾ ਕੇ''[2] ਜੋੜੀ।

ਕੈਨਥ ਐਸ.ਵੁਏਸਟ ਨੇ ਇਵੇਂ ਅਨੁਵਾਦ ਕੀਤਾ, ''ਕੀ ਅਸੀਂ ਇਸ ਉੱਪਰ ਲਿਖੇ ਵਿਸ਼ਵਾਸ ਨਾਲ ਸ਼ਰ੍ਹਾ ਨੂੰ ਨਕਾਰ ਰਹੇ ਹਾਂ? ਅਜਿਹਾ ਨਹੀਂ ਸੋਚਣਾ ਚਾਹੀਦਾ। ਯਕੀਨਨ ਹੀ ਅਸੀਂ ਸ਼ਰ੍ਹਾ ਨੂੰ ਪੱਕਾ ਕਰਦੇ ਹਾਂ।''[3]

ਵਿਸ਼ਵਾਸ ਰੁਕਾਵਟ ਰਹਿਤ ਜਾਂ ਬਿਨਾਂ ਨਿਅਮ ਦੇ ਨਹੀਂ ਹੈ, ਬਲਕਿ ਇਹ ਤਾਂ ਮਜ਼ਬੂਤ

ਨਿਅਮਾਂ ਤੇ ਅਧਾਰਿਤ ਹੈ। ਇਸ ਕਰਕੇ ਅਸੀਂ ਵਿਸ਼ਵਾਸ ਦੀ ਸ਼ਰ੍ਹਾ ਦੀ ਗੱਲ ਕਰ ਸਕਦੇ ਹਾਂ। ਇਹੀ ਤਾਂ ਯਿਸੂ ਦੀ ਸ਼ਰ੍ਹਾ ਹੈ।

ਪੌਲੁਸ ਨੇ ਹੋਰ ਵੀ ਲਿਖਿਆ, ''ਕਿਉਂਕਿ ਜੀਵਨ ਦੇ ਆਤਮਾ ਦੀ ਸ਼ਰ੍ਹਾ ਨੇ ਮਸੀਹ ਯਿਸੂ ਵਿਚ ਮੈਨੂੰ ਪਾਪ ਅਤੇ ਮੌਤ ਦੀ ਸ਼ਰ੍ਹਾ ਤੋਂ ਛੁਡਾ ਦਿੱਤਾ'' (ਰੋਮੀਆਂ 8:2)। ਮਸੀਹ ਦੀ ਸ਼ਰ੍ਹਾ ਨੂੰ ਵਿਸ਼ਵਾਸ ਦੀ ਸ਼ਰ੍ਹਾ ਅਤੇ ਆਤਮਾ ਦੀ ਸ਼ਰ੍ਹਾ ਕਿਹਾ ਗਿਆ ਹੈ। ਇਸ ਨੂੰ ''ਖ਼ੁਦਾ ਦੀ ਸ਼ਰ੍ਹਾ'' (ਰੋਮੀਆਂ 7:22, 25; 1 ਕੁਰਿੰਥੀਆਂ 9:21) ਅਤੇ ''ਅਜ਼ਾਦੀ ਦੀ ਸ਼ਰ੍ਹਾ'' (ਯਾਕੂਬ 1:25; 4:12) ਵੀ ਆਖਿਆ ਜਾਂਦਾ ਹੈ। ਮਸੀਹ ਨੇ ਸਾਨੂੰ ਸ਼ਰ੍ਹਾ ਤੋਂ ਅਜ਼ਾਦ ਨਹੀਂ ਕੀਤਾ ਬਲਕਿ ਉਹਨੇ ਸ਼ਰ੍ਹਾ ਹੀ ਬਦਲ ਦਿੱਤੀ (ਇਬਰਾਨੀਆਂ 7:12)।

ਜੇ ਅਸੀਂ ਕਿਸੇ ਤਰ੍ਹਾਂ ਦੀ ਸ਼ਰ੍ਹਾ ਦੇ ਹੇਠ ਨਹੀਂ ਹਾਂ ਤਾਂ ਅਸੀਂ ਪਾਪ ਨਹੀਂ ਕਰ ਸਕਦੇ: ''ਪਰ ਜਿੱਥੇ ਸ਼ਰ੍ਹਾ ਨਹੀਂ ਉੱਥੇ ਉਲੰਘਣ ਵੀ ਨਹੀਂ'' (ਰੋਮੀਆਂ 4:15); ''ਪਰ ਜਿੱਥੇ ਸ਼ਰ੍ਹਾ ਨਹੀਂ ਉੱਥੇ ਪਾਪ ਦਾ ਲੇਖਾ ਨਹੀਂ ਹੁੰਦਾ'' (ਰੋਮੀਆਂ 5:13)। ਫਿਰ ਅਜਿਹਾ ਹੋਣ ਤੇ ਮਸੀਹ ਨੂੰ ਮਰਨ ਦੀ ਲੋੜ ਨਹੀਂ ਸੀ ਕਿਉਂਕਿ ਜੇ ਸਾਨੂੰ ਕੋਈ ਸ਼ਰ੍ਹਾ ਨਹੀਂ ਮਿਲੀ ਤਾਂ ਅਸੀਂ ਕੋਈ ਪਾਪ ਨਹੀਂ ਕੀਤਾ ਹੈ, ਜਿਸ ਨੂੰ ਮਾਫ਼ ਕਰਾਉਣ ਲਈ ਯਿਸੂ ਮਰਦਾ। ਮਸੀਹੀ ਲੋਕ ਬਿਨਾਂ ਸ਼ਰ੍ਹਾ ਦੇ ਨਹੀਂ ਹਨ ਭਾਵ ਉਹ ਤਾਂ ਯਿਸੂ ਦੀ ਸ਼ਰ੍ਹਾ ਦੇ ਅਧੀਨ ਹਨ।

## ਪ੍ਰੇਮ ਦੀ ਸ਼ਰ੍ਹਾ

ਪਹਿਲਾ ਨੇਮ ਦੂਜੇ ਨਾਲ ਬੁਰਿਆਈ ਕਰਨ ਦੇ ਸਬੰਧ ਵਿਚ ਬਣਾਇਆ ਗਿਆ ਸੀ ਕਿ ਖ਼ੂਨ ਨਾ ਕਰਨ, ਝੂਠ ਨਾ ਬੋਲ, ਚੋਰੀ ਨਾ ਕਰ, ਅਤੇ ਕਿਸੇ ਦੂਜੇ ਦੀ ਪਤਨੀ ਨਾਲ ਵਿਭਚਾਰ ਨਾ ਕਰ। ਇਸ ਵਿਚ ਦੂਜਿਆਂ ਦੀ ਭਲਿਆਈ ਲਈ ਕੀਤੇ ਜਾਣ ਵਾਲੇ ਕੰਮਾਂ ਬਾਰੇ ਬਹੁਤ ਘੱਟ ਦੱਸਿਆ ਗਿਆ ਸੀ (ਵੇਖੋ ਲੇਵੀਆਂ 19:18)। ਮਸੀਹ ਦੀ ਸ਼ਰ੍ਹਾ ਕਹਿੰਦੀ ਹੈ, ''ਤੁਸੀਂ ਇਕ ਦੂਏ ਦਾ ਭਾਰ ਚੁੱਕ ਲਵੋ ਅਤੇ ਇਉਂ ਮਸੀਹ ਦੀ ਸ਼ਰ੍ਹਾ ਨੂੰ ਪੂਰਿਆਂ ਕਰੋ'' (ਗਲਾਤੀਆਂ 6:2)। ਇਸ ਵਿਚ ਦੂਜੇ ਦਾ ਨੁਕਸਾਨ ਨਾ ਕਰਕੇ ਅੱਗੇ ਵਧ ਕੇ ਦੂਜਿਆਂ ਦੀ ਸੇਵਾ ਕਰਨ ਲਈ ਕਿਹਾ ਗਿਆ ਹੈ। ਯਿਸੂ ਦੀ ਸ਼ਰ੍ਹਾ ਦਿਲ ਨੂੰ ਵੇਖਦੀ ਹੈ, ਜਿਸ ਨੂੰ ਸਿਰਫ਼ ਖ਼ੁਦਾ ਹੀ ਪਰਖ ਸਕਦਾ ਹੈ। ਸ਼ਰ੍ਹਾ ਵਿਚ ਜ਼ਿਆਦਾਤਰ ਬਾਹਰੀ ਕੰਮਾਂ ਤੇ ਧਿਆਨ ਦਿੱਤਾ ਜਾਂਦਾ ਸੀ। ਸਮਾਜ ਹੀ ਨਿਅਮ ਤੋੜਨ ਤੇ ਵਿਚਾਰ ਕਰਦਾ, ਉਹਦਾ ਨਿਆਂ ਅਤੇ ਸਜ਼ਾ ਦਿੰਦਾ ਸੀ (ਲੇਵੀਆਂ 19:15)। ਮਸੀਹ ਦੀ ਸ਼ਰ੍ਹਾ ਵਿਚ ਦੂਜਿਆਂ ਨੂੰ ਨੁਕਸਾਨ ਪਹੁੰਚਾਉਣ ਤੋਂ ਬਚਣ ਦੀ ਬਜਾਇ ਪੌਜ਼ਿਟਿਵ ਕੰਮਾਂ ਨੂੰ ਸ਼ਾਮਿਲ ਕੀਤਾ ਗਿਆ ਹੈ। ਸਭ ਤੋਂ ਵੱਡਾ ਫ਼ਰਕ ਇਹ ਹੈ ਕਿ ਵਿਧੀਆਂ ਨੂੰ ਪੂਰਾ ਕਰਨ ਦੀ ਜ਼ਿੰਮੇਵਾਰੀ ਦੇ ਬਜਾਇ ਹੁਣ ਅਸੀਂ ਨਿੱਜੀ ਰਿਸ਼ਤਾ ਬਣਾ ਸਕਦੇ ਹਾਂ। ਅੱਜ ਅਸੀਂ ਪਥੱਰ 'ਤੇ ਲਿਖੇ ਹੁਕਮਾਂ ਦੀ ਬਜਾਇ ਮਸੀਹ ਵੱਲ ਵੇਖ ਸਕਦੇ ਹਾਂ, ਜੋ ਸਾਡਾ ਆਦਰਸ਼ ਹੈ।

ਮਸੀਹ ਦੀ ਨਵੀਂ ਸ਼ਰ੍ਹਾ ਮਨ ਤੇ ਲਿਖੀ ਹੋਣੀ ਜ਼ਰੂਰੀ ਹੈ। ਯਿਰਮਿਯਾਹ ਨੇ ਭਵਿੱਖਵਾਣੀ ਕੀਤੀ ਸੀ: ''ਇਹ ਓਹ ਨੇਮ ਹੈ ਜਿਹੜਾ ਮੈਂ ਉਨ੍ਹਾਂ ਦਿਨਾਂ ਦੇ ਪਿੱਛੋਂ ਇਸਰਾਏਲ ਦੇ ਘਰਾਣੇ ਨਾਲ ਬੰਨ੍ਹਾਂਗਾ, ਯਹੋਵਾਹ ਦਾ ਵਾਕ ਹੈ, ਮੈਂ ਆਪਣੀ ਬਿਵਸਥਾ ਨੂੰ ਉਨ੍ਹਾਂ ਦੇ ਅੰਦਰ ਰੱਖਾਂਗਾ ਅਤੇ ਉਨ੍ਹਾਂ ਦੇ ਦਿਲਾਂ ਉੱਤੇ ਲਿਖਾਂਗਾ'' (ਯਿਰਮਿਯਾਹ 31:33)।

ਯਿਰਮਿਯਾਹ ਨੇ ਇਹ ਨਬੂਵਤ ਨਹੀਂ ਕੀਤੀ ਸੀ ਕਿ ਖ਼ੁਦਾ ਆਪਣੇ ਲੋਕਾਂ ਨੂੰ ਹੁਣ ਕੋਈ ਸ਼ਰ੍ਹਾ ਨਹੀਂ ਦੇਵੇਗਾ, ਬਲਕਿ ਉਸਨੇ ਨਬੂਵਤ ਕੀਤੀ ਸੀ ਕਿ ਹੁਣ ਆਪਣੀ ਸ਼ਰ੍ਹਾ ਉਨ੍ਹਾਂ ਦੇ ਦਿਲਾਂ

'ਤੇ ਲਿਖੇਗਾ। ਆਪਣੇ ਹੁਕਮ ਨਾਲ ਮਸ਼ਹੂਰ ਹੋਣ ਦੀ ਬਜਾਇ ਖ਼ੁਦਾ ਨੂੰ ਆਪਣੇ ਰਹਿਮ ਨਈ ਮੰਨਿਆ ਜਾਵੇਗਾ। ਨਬੀ ਨੇ ਸਾਫ਼ ਕੀਤਾ ਕਿ ਖ਼ੁਦਾ ਦੇ ਲੋਕ ਉਸ ਨੂੰ ਕਿਵੇਂ ਜਾਣਨਗੇ, ''ਕਿਉਂ ਜੋ ਮੈਂ ਉਨ੍ਹਾਂ ਦੀ ਬਦੀ ਨੂੰ ਮਾਫ਼ ਕਰਾਂਗਾ ਅਤੇ ਉਨ੍ਹਾਂ ਦੇ ਪਾਪ ਫੇਰ ਚੇਤੇ ਨਾ ਕਰਾਂਗਾ'' (ਯਿਰਮਿਯਾਹ 31:34)। ਸਾਡੇ ਪਾਪਾਂ ਲਈ ਯਿਸੂ ਦੀ ਕੁਰਬਾਨੀ ਦੇ ਰਾਹੀਂ ਖ਼ੁਦਾ ਨੇ ਆਪਣੇ ਆਪ ਨੂੰ ਰਹਿਮ-ਦਿਲ, ਪ੍ਰੇਮੀ, ਦਿਆਲੂ ਅਤੇ ਕਿਰਪਾ ਨਾਲ ਭਰੇ ਖ਼ੁਦਾ ਦੇ ਰੂਪ ਵਿਚ ਵਿਖਾਇਆ। ਇਸ ਨਵੇਂ ਨੇਮ ਅਧੀਨ ਖ਼ੁਦਾ ਨੂੰ ਯਿਸੂ ਦੇ ਰਾਹੀਂ ਸਮਝਿਆ ਜਾਂਦਾ ਹੈ। ਇਸ ਲਈ ਅਸੀਂ ਖ਼ੁਦਾ ਦੀ ਸੇਵਾ ਕਰਦੇ ਹਾਂ, ਕਿਉਂਕਿ ਖ਼ੁਦਾ ਨੇ ਆਪ ਇਕ ਤਰ੍ਹਾਂ ਨਾਲ ਯਿਸੂ ਦੇ ਰਾਹੀਂ ਆਪਣੇ ਲੋਕਾਂ ਕੀ ਸੇਵਾ ਕੀਤੀ ਹੈ, ਜਿਸ ਤੋਂ ਉਹਦੀ ਬੁੱਧ ਅਤੇ ਗਿਆਨ ਦੀ ਸਮਝ ਆਉਂਦੀ ਹੈ (ਰੋਮੀਆਂ 11:33)। ਯਿਸੂ ਦੇ ਰਾਹੀਂ ਉਹਨੇ ਆਪਣੇ ਆਪ ਨੂੰ ਜ਼ਾਹਿਰ ਕੀਤਾ ਹੈ (ਯੂਹੰਨਾ 1:18)।

## ਆਤਮਾ ਦਾ ਨਵਾਂਪਣ

ਮੂਸਾ ਦੀ ਸ਼ਰ੍ਹਾ ਅਤੇ ਮਸੀਹ ਦੀ ਸ਼ਰ੍ਹਾ ਵਿਚ ਇਕ ਵੱਡਾ ਫ਼ਰਕ ਪਵਿੱਤਰ ਬਣਨ ਦੇ ਸਾਡੇ ਤਰੀਕੇ ਵਿਚ ਹੈ। ''ਅਸੀਂ ਆਤਮਾ ਦੀ ਨਵੀਂ ਰੀਤ ਉੱਤੇ, ਨਾ ਕਿ ਲਿਖਤ ਦੀ ਪੁਰਾਣੀ ਰੀਤ ਉੱਤੇ ਸੇਵਾ ਕਰਦੇ ਹਾਂ'' ( ਰੋਮੀਆਂ 7:6)। ਮਸੀਹੀ ਆਦਮੀ ਦਾ ਮਕਸਦ ਸ਼ਰ੍ਹਾ ਨੂੰ ਪੂਰਾ ਕਰਨਾ ਹੀ ਨਹੀਂ ਹੈ, ਬਲਕਿ ਉਸਦਾ ਮਕਸਦ ਉਸ ਪ੍ਰੇਮ ਦੀ ਪ੍ਰੇਰਣਾ ਅਤੇ ਯਿਸੂ ਦੀ ਵਡਿਆਈ ਤੇ ਅਧਾਰਿਤ ਹੈ (ਯੂਹੰਨਾ 14:15, 21, 23)।

ਇਕ ਮਾਂ ਆਪਣੇ ਬੇਟੇ ਨੂੰ ਵਾਲਾਂ ਵਿਚ ਕੰਘੀ ਕਰਨ, ਦੰਦ ਸਾਫ਼ ਕਰਨ, ਅਤੇ ਨਹਾਉਣ ਦਾ ਹੁਕਮ ਦੇ ਕੇ ਉਹਦੇ ਸੋਹਣਾ ਨਾ ਦਿਸਣ 'ਤੇ ਫ਼ਿਕਰਮੰਦ ਹੋ ਸਕਦੀ ਹੈ। ਇਹੀ ਮੁੰਡਾ ਵੱਡਾ ਹੋ ਕੇ ਇਸ਼ਕ 'ਚ ਪੈਣ 'ਤੇ ਬਿਨਾਂ ਕਹੇ ਹੀ ਆਪਣਾ ਖ਼ਿਆਲ ਰੱਖਣ ਲੱਗੇਗਾ। ਹੁਕਮਾਂ ਨੂੰ ਮੰਨ ਕੇ ਸੋਹਣਾ ਬਣਨ ਦੀ ਬਜਾਇ ਹੁਣ ਉਹ ਉਸ ਕੁੜੀ ਦੀਆਂ ਇੱਛਾਵਾਂ ਨੂੰ ਪੂਰਾ ਕਰਨ ਲਗਦਾ ਹੈ, ਜਿਸ ਨਾਲ ਉਹ ਪਿਆਰ ਕਰਦਾ ਹੈ। ਇਸ ਤਰ੍ਹਾਂ ਹੁਣ ਉਹ ਬਦਲ ਗਿਆ ਹੈ।

ਪੌਲੁਸ ਨਾਲ ਵੀ ਇਹੀ ਹੋਇਆ। ਮਸੀਹ ਕੋਲ ਆਉਣ ਦੇ ਬਾਅਦ ਉਹਨੇ ਸ਼ਰ੍ਹਾ ਵਿਚ ਮਿਲਣ ਵਾਲੀ ਧਾਰਮਿਕਤਾ ਦੀ ਚਾਹ ਨਹੀਂ ਕੀਤੀ। ਇਹਦੀ ਬਜਾਇ ਉਹਨੇ ਯਿਸੂ ਦਾ ਗਿਆਨ ਪਾਉਣਾ ਚਾਹਿਆ ਤਾਂ ਜੋ ਉਹ ਉਹਨੂੰ ਖੁਸ਼ ਕਰ ਸਕੇ (ਫ਼ਿਲਿੱਪੀਆਂ 3:7-14)। ਉਹਨੇ ਆਪਣੇ ਆਪ ਨੂੰ ਯਿਸੂ ਦੀ ਸੇਵਾ (ਗਲਾਤੀਆਂ 2:20) ਅਤੇ ਉਹਦੇ ਨਾਲ ਆਪਣੇ ਸਬੰਧ ਕਰਕੇ ਯਿਸੂ ਦੇ ਨਾਲ ਸਲੀਬ ਚੜ੍ਹਾ ਦਿੱਤਾ। ਸਾਡੇ ਅੰਦਰ ਇਹ ਬਦਲਾਅ ਬਪਤਿਸਮਾ ਲੈਂਦੇ ਸਾਰ ਆਉਣਾ ਜ਼ਰੂਰੀ ਹੈ।

> ਸੋ ਅਸੀਂ ਮੌਤ ਦਾ ਬਪਤਿਸਮਾ ਲੈਣ ਕਰਕੇ ਉਹ ਦੇ ਨਾਲ ਦਫ਼ਨਾਏ ਗਏ ਤਾਂ ਜੋ ਜਿਵੇਂ ਪਿਤਾ ਦੀ ਵਡਿਆਈ ਦੇ ਵਸੀਲੇ ਨਾਲ ਮਸੀਹ ਮੁਰਦਿਆਂ ਵਿੱਚੋਂ ਜਿਵਾਲਿਆ ਗਿਆ ਤਿਵੇਂ ਅਸੀਂ ਵੀ ਨਵੇਂ ਜੀਵਨ ਦੇ ਰਾਹ ਚੱਲੀਏ। ਜਦੋਂ ਅਸੀਂ ਉਹ ਦੀ ਮੌਤ ਦੀ ਸਮਾਨਤਾ ਵਿਚ ਉਹ ਦੇ ਨਾਲ ਜੋੜੇ ਗਏ ਤਾਂ ਉਹ ਦੇ ਜੀ ਉੱਠਣ ਦੀ ਸਮਾਨਤਾ ਵਿਚ ਵੀ ਹੋਵਾਂਗੇ। ਕਿਉਂ ਜੋ ਅਸੀਂ ਇਹ ਜਾਣਦੇ ਹਾਂ ਜੋ ਸਾਡੀ ਪੁਰਾਣੀ ਮਨੁੱਖਤਾਈ ਉਹ ਦੇ ਨਾਲ ਸਲੀਬ ਉੱਤੇ ਚੜ੍ਹਾਈ ਗਈ ਭਈ ਪਾਪ ਦਾ ਸਰੀਰ ਨਸ਼ਟ ਹੋ ਜਾਵੇ ਤਾਂ ਅਗਾਹਾਂ ਨੂੰ ਅਸੀਂ ਪਾਪ ਦੀ ਗੁਲਾਮੀ ਨਾ ਕਰੀਏ (ਰੋਮੀਆਂ 6:4-6)।

## ਮੰਨਣ ਲਈ ਇਕ ਆਦਰਸ਼

ਨਵੇਂ ਨੇਮ ਵਿਚ ਸਾਡਾ ਟੀਚਾ ਨਾ ਸਿਰਫ਼ ਯਿਸੂ ਦੇ ਹੁਕਮਾਂ ਨੂੰ ਮੰਨਣਾ ਹੈ ਬਲਕਿ ਯਿਸੂ ਵਰਗੇ ਬਣਨਾ ਵੀ ਹੈ। ''ਜੇ ਅਸੀਂ ਉਹ ਦੇ ਹੁਕਮਾਂ ਦੀ ਪਾਲਨਾ ਕਰੀਏ ਤਾਂ ਇਸ ਤੋਂ ਜਾਣਦੇ ਹਾਂ ਜੋ ਅਸੀਂ ਉਹ ਨੂੰ ਜਾਤਾ ਹੈ। ... ਉਹ ਜਿਹੜਾ ਆਖਦਾ ਹੈ ਭਈ ਮੈਂ ਓਸ ਵਿਚ ਕਾਇਮ ਰਹਿੰਦਾ ਹਾਂ ਤਾਂ ਚਾਹੀਦਾ ਹੈ ਭਈ ਜਿਵੇਂ ਉਹ ਚੱਲਦਾ ਸੀ ਤਿਵੇਂ ਆਪ ਵੀ ਚੱਲੇ'' (1 ਯੂਹੰਨਾ 2:3-6)। ਜੇ ਅਸੀਂ ਯਿਸੂ ਦੇ ਹੁਕਮਾਂ ਨੂੰ ਮੰਨਦੇ ਹਾਂ ਅਤੇ ਉਵੇਂ ਹੀ ਚੱਲਦੇ ਹਾਂ ਜਿਵੇਂ ਉਹ ਚੱਲਦਾ ਸੀ ਤਾਂ ਉਸ ਨੂੰ *ਜਾਣਦੇ* ਹਾਂ।

ਯਿਸੂ ਨੇ ਸਾਨੂੰ ਜ਼ਿੰਦਗੀ ਜੀਣ ਲਈ ਆਪਣਾ ਨਮੂਨਾ ਦਿੱਤਾ ਹੈ, ''ਕਿਉਂ ਜੋ ਧਰਮ ਦਾ ਮਾਰਗ ਨਾ ਹੀ ਜਾਣਨਾ ਇਸ ਨਾਲੋਂ ਚੰਗਾ ਸੀ ਭਈ ਉਹ ਨੂੰ ਜਾਣ ਕੇ ਓਸ ਪਵਿੱਤਰ ਆਗਿਆ ਤੋਂ ਜੋ ਉਨ੍ਹਾਂ ਨੂੰ ਕੀਤੀ ਗਈ ਸੀ ਫਿਰ ਜਾਣ'' (1 ਪਤਰਸ 2:21)। ਉਹਦੀ ਮੌਤ ਦੂਜਿਆਂ ਦੀ ਸੇਵਾ ਕਰਨ ਦਾ ਵੀ ਨਮੂਨਾ ਹੈ। ''ਇਸ ਤੋਂ ਅਸਾਂ ਪ੍ਰੇਮ ਨੂੰ ਜਾਤਾ ਭਈ ਉਹ ਨੇ ਸਾਡੇ ਲਈ ਆਪਣੀ ਜਾਨ ਦੇ ਦਿੱਤੀ ਅਤੇ ਚਾਹੀਦਾ ਹੈ ਜੋ ਅਸੀਂ ਭਰਾਵਾਂ ਲਈ ਆਪਣੀਆਂ ਜਾਨਾਂ ਦਈਏ'' (1 ਯੂਹੰਨਾ 3:16)।

ਮਸੀਹੀ ਆਦਮੀ ਦਾ ਟੀਚਾ ਜ਼ਿੰਦਗੀ ਦੇ ਹਰ ਪਹਿਲੂ ਵਿਚ ਮਸੀਹ 'ਚ ਅੱਗੇ ਵਧਣਾ ਹੈ। ਨਵਾਂ ਨੇਮ ਪੁਰਾਣੇ ਨਾਲੋਂ ਇਸ ਗੱਲ ਵਿਚ ਫ਼ਰਕ ਹੈ। ਇਸ ਦਾ ਟੀਚਾ ਹੁਕਮ ਪੂਰਾ ਕਰਨਾ ਹੀ ਨਹੀਂ, ਬਲਕਿ ਮਸੀਹ ਦੇ ਮਗਰ ਚੱਲਣਾ ਵੀ ਹੈ ( ਵੇਖੋ ਫ਼ਿਲਿੱਪੀਆਂ 2:5)।

## ਸਾਰ

ਨਵੀਂ ਸ਼ਰ੍ਹਾ ਦੇ ਰੂਪ ਵਿਚ ਮਸੀਹ ਦੀ ਸ਼ਰ੍ਹਾ ਇਕ ਨਵੀਂ ਤਰ੍ਹਾਂ ਦੀ ਸੇਵਾ ਦੀ ਮੰਗ ਕਰਦੀ ਹੈ ਜੋ ਯਿਸੂ ਦੇ ਮੁਤਾਬਕ ਹੋਵੇ। ਉਹਦੇ ਪ੍ਰਤੀ ਸਾਡੇ ਪਿਆਰ ਅਤੇ ਸਬੰਧ ਕਰਕੇ ਅਸੀਂ ਉਹਨੂੰ ਖੁਸ਼ ਕਰਨਾ ਚਾਹਾਂਗੇ। ਸਾਨੂੰ ਹੁਕਮ ਸਿਰਫ਼ ਇਸ ਕਰਕੇ ਹੀ ਨਹੀਂ ਮੰਨਣਾ ਚਾਹੀਦਾ ਕਿ ਸ਼ਰ੍ਹਾ ਇਹ ਮੰਗ ਕਰਦੀ ਹੈ ਬਲਕਿ ਇਸ ਕਰਕੇ ਵੀ ਕਿਉਂਕਿ ਸਾਡੇ ਬਦਲ ਚੁਕੇ ਮਨ ਯਿਸੂ ਦਾ ਨਮੂਨਾ ਲੈ ਕੇ ਉਹਦੀ ਸੇਵਾ ਕਰਨਾ ਚਾਹੁੰਦੇ ਹਨ।

ਅਸੀਂ ਲਿਖਤ ਦੀ ਪੁਰਾਤਨਤਾ ਵਿਚ ਨਹੀਂ ਬਲਕਿ ਆਤਮਾ ਦੇ ਨਵੇਂਪਣ ਵਿਚ ਸੇਵਾ ਕਰਨੀ ਹੈ।

---

ਟਿੱਪਣੀਆਂ

[1]ਹੁਗ ਜੇ. ਸ਼ੌਨਫ਼ੀਲਡ, ਸੋਧ ਅਤੇ ਅਨੁਵਾਦ *ਦਿ ਅਥੈਂਟਿਕ ਨਿਊ ਟੈਸਟਾਮੈਂਟ* (ਨਿਊ ਯਾਰਕ: ਮੈਂਟਰ ਬੁਕ, 1958), 301. [2]ਉਹੀ, ਟਿੱਪਣੀ 203. [3]ਕੈਨੱਥ ਐੱਮ. ਵੂਏਸਟ, *ਰੋਮੰਸ ਇਨ ਦ ਗ੍ਰੀਕ ਨਿਊ ਟੈਸਟਾਮੈਂਟ,* ਵਰਲਡ ਸਟੱਡੀਜ਼ ਇਨ ਦ ਗ੍ਰੀਕ ਨਿਊ ਟੈਸਟਾਮੈਂਟ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰ. 1955), 64.